# ਦਫ਼ਤਰ, ਡਾਇਰੈਕਟਰ ਜਨਰਲ ਸਕੂਲ ਸਿੱਖਿਆ-ਕਮ-ਸਟੇਟ ਪ੍ਰਾਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਿਟੀ, ਪੰਜਾਬ।

**ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਈ-ਬਲਾਕ, ਪੰਜਵੀਂ ਮੰਜਲ, ਫ਼ੇਜ਼-8 ਸਾਹਿਬਜ਼ਾਦਾ ਅਜੀਤ ਸਿੰਘ ਨਗਰ**
**ਫ਼ੋਨ ਨੰ: 01725212313 ਈ-ਮੇਲ : aspdtb123@gmail.com**


ਵੱਲ:

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐਸਿ ਤੇ ਸੈਸਿ),

ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ, ਪੰਜਾਬ।

ਸਮੂਹ ਸਕੂਲ ਮੁਖੀ, ਪੰਜਾਬ।

ਮੀਮੋ ਨੰ: ਸਸਅ/ਪਾਠ ਪੁਸਤਕਾਂ/2018/43541 ਮਿਤੀ, ਸਅਸ ਨਗਰ: 21-09-2018

**ਵਿਸ਼ਾ: ਸਕੂਲ ਛੱਡ ਜਾਣ, ਸਕੂਲ ਤਬਦੀਲ ਕਰਨ, ਨਵੇਂ ਦਾਖਿਲ ਹੋਣ ਅਤੇ ਫ਼ੇਲ ਹੋਏ ਵਿਦਿਆਰਥੀਆਂ ਨੂੰ ਕਿਤਾਬਾਂ ਮੁਹੱਈਆ ਕਰਵਾਉਣ ਸਬੰਧੀ ਸੂਚਨਾ ਈਪੰਜਾਬਸਕੂਲ ਪੋਰਟਲ 'ਤੇ ਅੱਪਲੋਡ ਕਰਨ ਬਾਰੇ।**

**ਹਵਾਲਾ:** ਜ਼ਿਲ੍ਹਾ ਪ੍ਰਾਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ, ਮੋਗਾ ਦੇ ਪੱਤਰ ਨੰ:ਸਸਅ/ ਟੈਕਸਟ-ਬੁਕਸ/2018-19/549 ਮਿਤੀ 12-09-2018 ਦੇ ਹਵਾਲੇ ਵਿੱਚ।

1.0 ਉਪਰੋਕਤ ਵਿਸ਼ੇ ਤੇ ਹਵਾਲੇ ਦੇ ਸਬੰਧ ਵਿੱਚ ਧਿਆਨ ਦੇਣ ਦੀ ਖ਼ੇਚਲ ਕਰੋ ਜੀ।

2.0 ਹਵਾਲਾ ਅਧੀਨ ਪੱਤਰ ਰਾਹੀਂ ਜ਼ਿਲ੍ਹਾ ਪ੍ਰਾਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ, ਮੋਗਾ ਵੱਲੋਂ ਹੇਠ ਲਿਖੇ ਨੁਕਤਿਆਂ 'ਤੇ ਅਗਵਾਈ ਦੀ ਮੰਗ ਕੀਤੀ ਹੈ, ਜਿਸ ਦੀ ਤਫ਼ਸੀਲ ਹੇਠ ਲਿਖੇ ਮੁਤਾਬਿਕ ਹੈ;

| **ਲੜੀ** | **ਜ਼ਿਲ੍ਹੇ ਵੱਲੋਂ ਪ੍ਰਾਪਤ ਨੁਕਤਾ** | **ਦਫ਼ਤਰ ਦਾ ਸੁਝਾਅ/ ਟਿੱਪਣੀ** |
|---|---|---|
| 1. | ਕਿਤਾਬਾਂ ਪ੍ਰਾਪਤ ਕਰਨ ਤੋਂ ਬਾਅਦ ਸਕੂਲ ਛੱਡ ਜਾਣ ਵਾਲੇ ਵਿਦਿਆਰਥੀਆਂ ਸਬੰਧੀ। | ਜਿਹੜੇ ਬੱਚੇ ਸਕੂਲ ਛੱਡ ਜਾਂਦੇ ਹਨ, ਉਹਨਾਂ ਦਾ ਵੇਰਵਾ ਪੋਰਟਲ 'ਤੇ ਤੁਰੰਤ ਅੱਪਲੋਡ ਕੀਤਾ ਜਾਂਦਾ ਹੈ।ਜੇਕਰ ਅਜਿਹੇ ਵਿਦਿਆਰਥੀ ਨੂੰ ਕਿਤਾਬਾਂ ਦਿੱਤੀਆਂ ਗਈਆਂ ਹਨ ਤਾਂ ਉਹਨਾਂ ਦਾ ਵੇਰਵਾ ਅੱਪਲੋਡ ਕੀਤਾ ਜਾਣਾ ਬਣਦਾ ਹੈ, ਕਿਉਂਕਿ ਪਸਸਬ ਨੂੰ ਬਿਲਾਂ ਦੀ ਅਦਾਇਗੀ ਕਰਨ ਸਮੇਂ ਈਪੰਜਾਬਸਕੂਲ ਪੋਰਟਲ ਦੀ ਗਿਣਤੀ ਨਾਲ ਮਿਲਾਨ ਕੀਤਾ ਜਾਵੇਗਾ। |
| 2. | ਕਿਤਾਬਾਂ ਪ੍ਰਾਪਤ ਕਰਨ ਤੋਂ ਬਾਅਦ ਇੱਕ ਸਕੂਲ ਤੋਂ ਦੂਜੇ | ਜੇਕਰ ਅਜਿਹੇ ਵਿਦਿਆਰਥੀ ਨੂੰ ਕਿਤਾਬਾਂ ਦਿੱਤੀਆਂ ਗਈਆਂ ਹਨ ਤਾਂ ਉਸ ਦਾ ਵੇਰਵਾ ਅੱਪਲੋਡ ਕੀਤਾ ਜਾਣਾ ਬਣਦਾ ਹੈ ਅਤੇ ਇਹ |

| | | |
|---|---|---|
| | ਸਕੂਲ ਵਿੱਚ ਸ਼ਿਫ਼ਟ ਹੋਏ ਵਿਦਿਆਰਥੀਆਂ ਸਬੰਧੀ। | ਸੂਚਨਾ ਉਸ ਸਕੂਲ ਨੂੰ ਭੇਜੀ ਜਾ ਸਕਦੀ ਹੈ ਜਿੱਥੇ ਉਸ ਵਿਦਿਆਰਥੀ ਨੇ ਦਾਖ਼ਲਾ ਲਿਆ ਹੈ। ਇਹ ਵੇਰਵੇ ਸਕੂਲ ਛੱਡਣ ਦੇ ਪ੍ਰਮਾਣ ਪੱਤਰ ਵਿੱਚ ਦਰਜ਼ ਕੀਤੇ ਜਾਣੇ ਚਾਹੀਦੇ ਹਨ। |
| 3. | ਫ਼ੇਲ ਹੋਏ ਵਿਦਿਆਰਥੀਆਂ ਸਬੰਧੀ। | ਦਫ਼ਤਰੀ ਰਵਾਇਤ ਅਨੁਸਾਰ ਹਰ ਵਿਦਿਆਰਥੀ ਨੂੰ ਇੱਕ ਵਿੱਦਿਅਕ ਸੈਸ਼ਨ ਦੌਰਾਨ ਇੱਕ ਵਾਰ ਕਿਤਾਬਾਂ ਜਰੂਰ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ ਭਾਵੇਂ ਕਿ ਉਹ ਵਿਦਿਆਰਥੀ ਫ਼ੇਲ੍ਹ ਹੀ ਕਿਉਂ ਨਾ ਹੋਵੇ, ਕਿਉਂਕਿ ਇੱਕ ਸੈਸ਼ਨ ਤੋਂ ਬਾਅਦ ਕਿਤਾਬ ਦੀ ਹਾਲਤ ਪੜ੍ਹਨਯੋਗ ਨਹੀਂ ਰਹਿੰਦੀ। |
| 4. | ਹੋਰ ਨਵੇਂ ਦਾਖ਼ਲ ਹੋਏ ਵਿਦਿਆਰਥੀਆਂ ਸਬੰਧੀ। | ਵਿਭਾਗ ਵੱਲੋਂ ਹਰ ਨਵੇਂ ਦਾਖ਼ਲ ਹੋਣ ਵਾਲੇ ਵਿਦਿਆਰਥੀ ਨੂ ਕਿਤਾਬਾਂ ਮੁਹੱਈਆ ਕਰਵਾਈਆਂ ਜਾਣੀਆਂ ਲਾਜ਼ਮੀ ਹਨ ਬਸ਼ਰਤੇ ਕਿ ਉਸਨੇ ਇੱਕੋ ਵਿੱਦਿਅਕ ਸੈਸ਼ਨ ਦੌਰਾਨ ਪਹਿਲਾਂ ਕਿਸੇ ਸਕੂਲ ਵਿੱਚ ਦਾਖ਼ਲ ਹੋ ਕੇ ਕਿਤਾਬਾਂ ਪ੍ਰਾਪਤ ਨਾ ਕੀਤੀਆਂ ਹੋਣ। |

3.0 ਸੋ ਸਮੂਹ ਸਕੂਲ ਮੁਖੀਆਂ ਨੂੰ ਲਿਖਿਆ ਜਾਂਦਾ ਹੈ ਕਿ ਕਿਤਾਬਾਂ ਦੀ ਸੂਚਨਾ ਨੂੰ ਈਪੰਜਾਬਸਕੂਲ ਪੋਰਟਲ 'ਤੇ ਅੱਪਲੋਡ ਕਰਨ ਸਮੇਂ ਉਪਰੋਕਤ ਨੁਕਤਿਆਂ ਨੂੰ ਧਿਆਨ ਵਿੱਚ ਰੱਖ ਕੇ ਐਂਟਰੀ ਕੀਤੀ ਜਾਵੇ।

**ਸਟੇਟ ਪ੍ਰੋਜੈਕਟ ਡਾਇਰੈਕਟਰ**
**ਸਰਵ ਸਿੱਖਿਆ ਅਭਿਆਨ,ਪੰਜਾਬ।**